بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in     ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਸੰਨ 08 ਹਿਜਰੀ ਵਿੱਚ ਪੇਸ਼ ਆਉਣ ਵਾਲੇ ਕੁੱਝ ਗ਼ਜ਼ਵਿਆਂ ਅਤੇ ਸਿਰਿੱਯਾਵਾਂ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 12 ਸਿਤੰਬਰ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਗ਼ਜ਼ਵਾ ਹੁਨੈਨ ਦੇ ਹਵਾਲੇ ਨਾਲ ਜ਼ਿਕਰ ਕਰ ਰਿਹਾ ਸਾਂ, ਇਸਦੀ ਹੋਰ **ਤਫ਼ਸੀਲ** ਇੰਝ ਹੈ ਕਿ ਜੰਗਿ ਹੁਨੈਨ ਵਿੱਚ ਵੀ ਅੱਲਾਹ ਤਆਲਾ ਵੱਲੋਂ ਅਜਿਹੀਆਂ ਫ਼ੌਜਾਂ ਦੇ **ਨਾਜ਼ਿਲ** ਕੀਤੇ ਜਾਣ ਦਾ ਜ਼ਿਕਰ ਮਿਲਦਾ ਹੈ ਜਿਨ੍ਹਾਂ ਨੂੰ ਫ਼ਰਿਸ਼ਤਿਆਂ ਨਾਲ **ਤਾਅਬੀਰ** ਕੀਤਾ ਜਾਂਦਾ ਹੈ। ਮੁਫ਼ੱਸਿਰੀਨ ਅਤੇ ਸੀਰਤ ਨਿਗਾਰਾਂ ਨੇ ਇਸ ਜੰਗ ਵਿੱਚ **ਫ਼ਰਿਸ਼ਤਿਆਂ** ਦੇ ਨਜ਼ੂਲ 'ਤੇ ਵੱਖ ਵੱਖ ਬਹਿਸਾਂ ਕੀਤੀਆਂ ਹਨ। ਸਹੀ ਰਿਵਾਇਤ ਤੋਂ ਸਾਬਿਤ ਹੈ ਕਿ ਫ਼ਰਿਸ਼ਤੇ ਜੰਗ ਵਿੱਚ ਅਮਲੀ ਤੌਰ 'ਤੇ ਸ਼ਰੀਕ ਹੋਏ। **ਅਲਬੱਤਾ** ਇੱਥੇ ਇਕ ਸ਼ੱਕ ਪੈਦਾ ਹੁੰਦਾ ਹੈ ਕਿ ਮਦਦ ਦੇ ਲਈ ਤਾਂ ਇੱਕ ਹੀ ਫ਼ਰਿਸ਼ਤਾ ਕਾਫ਼ੀ ਸੀ ਤਾਂ ਹਜ਼ਾਰਾਂ ਫ਼ਰਿਸ਼ਤੇ ਕਿਉਂ ਨਾਜ਼ਿਲ ਹੋਏ। ਇਮਾਮ ਇਬਨਿ ਕਸੀਰ ਰਹਮਤੁੱਲਾਹਿ ਅਲੈਹਿ ਲਿਖਦੇ ਹਨ ਕਿ ਅੱਲਾਹ ਤਆਲਾ ਵੱਲੋਂ ਫ਼ਰਿਸ਼ਤਿਆਂ ਦਾ ਨਜ਼ੂਲ ਅਤੇ ਮੁਸਲਮਾਨਾਂ ਨੂੰ ਇਸ ਦੀ ਸੂਚਨਾ ਬਤੌਰ **ਖ਼ੁਸ਼ਖ਼ਬਰੀ** ਸੀ, ਨਹੀਂ ਤਾਂ ਅੱਲਾਹ ਇਸ ਦੇ ਬਗ਼ੈਰ ਵੀ ਆਪਣੇ ਦੁਸ਼ਮਣਾਂ ਦੇ ਖ਼ਿਲਾਫ਼ ਮੁਸਲਮਾਨਾਂ ਦੀ ਮਦਦ ਕਰ ਸਕਦਾ ਹੈ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਵੀ ਇਹ ਗੱਲ ਬਿਆਨ ਫ਼ਰਮਾਈ ਹੈ ਕਿ ਕੁਰਆਨ ਵਿੱਚ ਫ਼ਰਿਸ਼ਤਿਆਂ ਦੀ ਮਦਦ ਖ਼ੁਸ਼ਖ਼ਬਰੀ ਦਾ **ਵਾਕ਼ਿਆ** ਹੈ, ਤਾਂ ਜੋ ਮੋਮਿਨਾਂ ਦੇ ਦਿਲਾਂ ਨੂੰ **ਠੰਡਕ** ਪਹੁੰਚੇ ਅਤੇ **ਮਾਅਰਕੇ** ਵਿੱਚ ਉਨ੍ਹਾਂ ਨੂੰ ਕੋਈ ਡਰ ਨਾ ਹੋਵੇ। ਬਸ ਅੱਲਾਹ ਤਆਲਾ ਨੇ ਕੁਰਆਨ ਵਿੱਚ ਮੋਮਿਨਾਂ ਨਾਲ ਵਾਅਦਾ ਕੀਤਾ ਅਤੇ ਉਨ੍ਹਾਂ ਨੂੰ ਖ਼ੁਸ਼ਖ਼ਬਰੀ ਦਿੱਤੀ ਕਿ ਉਹ 5 ਹਜ਼ਾਰ ਫ਼ਰਿਸ਼ਤਿਆਂ ਨਾਲ ਉਨ੍ਹਾਂ ਦੀ **ਮਦਦ** ਨੂੰ ਆਵੇਗਾ। ਇਸ **ਸੰਖਿਆ** ਨੂੰ ਜ਼ਿਆਦਾ ਕਰਕੇ ਇਸ ਲਈ ਦਿਖਾਇਆ ਤਾਂ ਜੋ ਉਨ੍ਹਾਂ ਲਈ ਖ਼ੁਸ਼ਖ਼ਬਰੀ ਹੋਵੇ।

ਦੁਸ਼ਮਣ ਦੀ ਹਾਰ ਅਤੇ ਫ਼ਰਾਰ ਦੇ ਬਾਰੇ ਪਹਿਲਾਂ ਇਹ ਤਫ਼ਸੀਲਾਂ ਬਿਆਨ ਹੋ ਚੁੱਕੀਆਂ ਹਨ ਕਿ ਬਨੂ ਹਵਾਜ਼ਨ ਜਿਹੜੇ ਦਰ ਹਕ਼ੀਕ਼ਤ ਅਰਬ ਦੇ ਸਭ ਤੋਂ **ਤਾਕ਼ਤਵਰ** ਕ਼ਬੀਲਿਆਂ ਵਿੱਚੋਂ ਇੱਕ ਸਨ, ਜਿਨ੍ਹਾਂ ਦਾ ਦਾਅਵਾ ਸੀ ਕਿ ਅੱਜ ਤੱਕ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਦਾ ਮੁਕ਼ਾਬਲਾ ਕਿਸੇ **ਜੰਗਜੂ ਕ਼ੌਮ** ਨਾਲ ਹੋਇਆ ਹੀ ਨਹੀਂ, ਸਾਡੇ ਨਾਲ ਮੁਕ਼ਾਬਲਾ ਹੋਵੇਗਾ ਤਾਂ ਅਸੀਂ ਦੱਸਾਂਗੇ ਕਿ ਜੰਗ ਕੀ ਹੁੰਦੀ ਹੈ। ਉਹ ਥੋੜੀ ਹੀ ਦੇਰ ਵਿੱਚ ਹਾਰ ਕੇ ਭੱਜ ਗਏ ਅਤੇ ਆਪਣੇ ਬੀਵੀ ਬੱਚਿਆਂ ਅਤੇ ਮਾਲ ਡੰਗਰ ਦੀ ਕਿਸੇ ਨੂੰ **ਖ਼ਬਰ** ਨਾ ਰਹੀ। ਹਵਾਜ਼ਨ ਦੇ **ਰਾਹਿ ਫ਼ਰਾਰ** ਇਖ਼ਤਿਆਰ ਕਰਨ ਦੇ ਬਾਵਜੂਦ ਸਕ਼ੀਫ਼ ਕ਼ਬੀਲੇ ਦੇ **ਜੰਗਜੂ** ਡਟੇ ਰਹੇ ਅਤੇ ਨਿਹਾਇਤ ਦਲੇਰੀ ਨਾਲ ਲੜਦੇ ਰਹੇ, ਇਥੋਂ ਤੱਕ ਕਿ ਉਨ੍ਹਾਂ ਦੇ 70 ਲੋਕ ਮਾਰੇ ਗਏ। ਉਨ੍ਹਾਂ ਦਾ ਸਭ ਤੋਂ ਆਖ਼ਰੀ ਅਲਮ ਬਰਦਾਰ ਉਸਮਾਨ ਬਿਨ ਅਬਦੁੱਲਾਹ ਸੀ, ਜਦ ਉਹ **ਕ਼ਤਲ** ਹੋਇਆ ਤਾਂ ਫਿਰ ਸਕ਼ੀਫ਼ ਵੀ ਭੱਜ ਗਏ।

ਇਸ ਜੰਗ ਵਿੱਚ ਚਾਰ ਸਹਾਬਾ **ਸ਼ਹੀਦ** ਹੋਏ, ਇਨ੍ਹਾਂ ਦੇ ਨਾਮ ਹਨ: ਹਜ਼ਰਤ ਉੱਮਿ ਐਮਨ ਦੇ ਬੇਟੇ ਐਮਨ ਬਿਨ ਉਬੈਦ ਰਜ਼ਿ ਅੱਲਾਹੁ ਅਨਹੁ, ਹਜ਼ਰਤ ਸੁਰਾਕ਼ਾ ਬਿਨ ਹਾਰਿਸ ਰਜ਼ਿ ਅੱਲਾਹੁ ਅਨਹੁ, ਹਜ਼ਰਤ ਯਜ਼ੀਦ ਬਿਨ ਜ਼ਮਆ ਰਜ਼ਿ ਅੱਲਾਹੁ ਅਨਹੁ ਅਤੇ ਚੌਥੇ ਹਜ਼ਰਤ ਅਬੂ ਆਮਿਰ ਰਜ਼ਿ ਅੱਲਾਹੁ ਅਨਹੁ। ਇੱਕ ਰਾਵੀ ਬਿਆਨ ਕਰਦੇ ਹਨ ਕਿ ਜਦ **ਕਾਫ਼ਿਰਾਂ** ਨੂੰ ਹਾਰ ਹੋ ਗਈ ਅਤੇ ਮੁਸਲਮਾਨ ਆਪਣੇ ਆਪਣੇ ਖ਼ੇਮਿਆਂ ਵੱਲ ਚਲੇ ਗਏ ਤਾਂ ਮੈਂ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਦੇਖਿਆ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਲੋਕਾਂ ਦੇ ਦਰਮਿਆਨ ਚਲ ਰਹੇ ਸਨ ਅਤੇ ਫ਼ਰਮਾ ਰਹੇ ਸਨ ਕਿ ਮੈਨੂੰ ਖ਼ਾਲਿਦ ਬਿਨ ਵਲੀਦ ਤੱਕ **ਕੌਣ** ਪਹੁੰਚਾਵੇਗਾ? ਜਦ ਉਨ੍ਹਾਂ ਦੇ ਕੋਲ਼ ਪਹੁੰਚੇ ਤਾਂ ਖ਼ਾਲਿਦ ਕਜਾਵੇ ਦੇ ਨਾਲ਼ ਟੇਕ ਲਗਾਏ ਹੋਏ ਸਨ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਹਜ਼ਰਤ ਖ਼ਾਲਿਦ ਦੇ **ਕੌਲ਼** ਬੈਠ ਗਏ ਅਤੇ **ਜ਼ਖ਼ਮ** ਦੇਖ ਕੇ ਆਪਣਾ **ਲੁਆਬਿ ਦਹਨ** ਲਗਾਇਆ। ਜਿਸ ਨਾਲ਼ ਉਨ੍ਹਾਂ ਨੂੰ **ਸ਼ਿਫ਼ਾ** ਹੋ ਗਈ। ਇਸ ਦੇ ਇਲਾਵਾ ਹਜ਼ਰਤ ਅਬਦੁੱਲਾਹ ਬਿਨ ਅਬੀ ਔਫ਼ਾ ਰਜ਼ਿ ਅੱਲਾਹੁ ਅਨਹੁ, ਹਜ਼ਰਤ ਅਬੂ ਬਕਰ ਸਿੱਦੀਕ਼ ਰਜ਼ਿ ਅੱਲਾਹੁ ਅਨਹੁ, ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ, ਹਜ਼ਰਤ ਉਸਮਾਨ ਰਜ਼ਿ ਅੱਲਾਹੁ ਅਨਹੁ ਅਤੇ ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਵੀ ਜ਼ਖ਼ਮੀ ਹੋਏ ਸਨ।

ਸ਼ੁਰੂ ਵਿੱਚ ਜਦ ਹੁਨੈਨ ਦੇ ਮੈਦਾਨ 'ਚੋਂ ਕੁੱਝ ਮੁਸਲਮਾਨ ਭੱਜੇ ਤਾਂ ਇਨ੍ਹਾਂ ਵਿੱਚੋਂ ਕੁੱਝ ਤਾਂ **ਮੱਕੇ** ਚਲੇ ਗਏ ਅਤੇ ਇਹ ਦੱਸਿਆ ਕਿ ਮੁਸਲਮਾਨਾਂ ਨੂੰ ਹਾਰ ਹੋ ਚੁੱਕੀ ਹੈ ਅਤੇ ਹਜ਼ਰਤ ਮੁਹੰਮਦ ਸੱਲ-ਲੱਲਾਹੁ ਅਲੈਹਿ-ਵਸੱਲਮ **ਨਊਜ਼ੁਬਿੱਲਾਹ** ਕ਼ਤਲ ਹੋ ਗਏ ਹਨ। ਇਸ ਖ਼ਬਰ ਨਾਲ਼ ਮੱਕੇ ਵਿੱਚ ਮੌਜੂਦ **ਮੁਨਾਫ਼ਿਕ਼ਾਂ** ਅਤੇ ਜਿਨ੍ਹਾਂ ਦੇ ਦਿਲਾਂ ਵਿੱਚ ਬੁਗ਼ਜ਼ ਸੀ ਉਹ ਬਹੁਤ ਖ਼ੁਸ਼ ਹੋਏ ਅਤੇ ਕਹਿਣ ਲੱਗੇ ਕਿ ਹੁਣ ਅਰਬ ਆਪਣੇ ਬਾਪ ਦਾਦਿਆਂ ਦੇ **ਦੀਨ** ਦੇ ਵਾਪਿਸ ਆ ਜਾਣਗੇ। ਹਾਲੇ ਥੋੜੀ ਦੇਰ ਹੀ ਲੰਘੀ ਸੀ ਕਿ ਹੁਨੈਨ ਤੋਂ ਇਹ **ਖ਼ੁਸ਼ਖ਼ਬਰੀ** ਵੀ ਆ ਗਈ ਕਿ ਮੁਸਲਮਾਨਾਂ ਨੂੰ **ਫ਼ਤਿਹ** ਹੋਈ ਹੈ ਅਤੇ ਬਨੂ ਹਵਾਜ਼ਨ ਬਹੁਤ ਬੁਰੀ ਤਰ੍ਹਾਂ ਹਾਰ ਕੇ ਭੱਜ ਗਏ ਹਨ।

ਫ਼ਤਿਹ ਮੱਕਾ ਦੇ ਜ਼ਿਕਰ ਤੋਂ ਪਹਿਲਾਂ ਖ਼ੁਤਬੇ ਵਿੱਚ ਸਿਰਿੱਯਾ **ਇਜ਼ਮ** ਦੀ ਤਫ਼ਸੀਲ ਵਿੱਚ ਇਹ ਜ਼ਿਕਰ ਹੋਇਆ ਸੀ ਕਿ ਇੱਕ ਸਹਾਬੀ ਮੁਹੱਲਿਮ ਬਿਨ ਜਸਾਮਾ ਨੇ ਇੱਕ ਅਜਿਹੇ ਸ਼ਖ਼ਸ ਨੂੰ ਕ਼ਤਲ ਕਰ ਦਿੱਤਾ ਕਿ ਜਿਸ ਨੇ ਲੰਘਦੇ ਹੋਏ **ਅੱਸਲਾਮੁ ਅਲਈਕੁਮ** ਕਿਹਾ ਸੀ। ਇਸ ਵਾਕ਼ੇ ਦੀ ਕੁੱਝ ਹੋਰ ਤਫ਼ਸੀਲ ਵੀ ਬਿਆਨ ਕੀਤੀ ਜਾਂਦੀ ਹੈ, ਉਹ ਇਹ ਹੈ ਕਿ ਗ਼ਜ਼ਵਾ ਹੁਨੈਨ ਦੇ ਬਾਅਦ ਜਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਗ਼ਜ਼ਵਾ ਤਾਇਫ਼ ਦੇ ਲਈ ਰਵਾਨਾ ਹੋ ਰਹੇ ਸਨ ਕਿ ਇੱਕ ਦਿਨ ਨਮਾਜ਼ਿ ਜ਼ੁਹਰ ਦੇ ਬਾਅਦ ਉਯੈਨਾ ਬਿਨ ਹਿਸ੍ਨ ਨੇ **ਮਕ਼ਤੂਲ** ਆਮਿਰ ਬਿਨ ਅਜ਼ਬਤ ਅਸ਼ਜਈ ਦੇ ਖ਼ੂਨ ਦੀ ਮੰਗ ਕੀਤੀ। ਅਕ਼ਰਅ ਬਿਨ ਹਾਬਿਸ ਜਿਹੜੇ ਮੁਹੱਲਿਮ ਬਿਨ ਜਸਾਮਾ ਨੂੰ ਬਚਾਉਣਾ ਚਾਹੁੰਦਾ ਸੀ, ਇਨ੍ਹਾਂ ਦੋਹਾਂ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਸਾਹਮਣੇ **ਬਹਿਸ** ਸ਼ੁਰੂ ਕਰ ਦਿੱਤੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਯੈਨਾ ਨੂੰ ਗੱਲਬਾਤ ਦੇ ਬਾਅਦ **ਮੁਆਵਜ਼ਾ** ਕ਼ਬੂਲ ਕਰਨ 'ਤੇ ਰਾਜ਼ੀ ਕਰ ਲਿਆ। ਮੁਆਵਜ਼ਾ ਵਗ਼ੈਰਾ ਦਾ **ਫ਼ੈਸਲਾ** ਹੋਣ ਦੇ ਬਾਅਦ ਮੁਹੱਲਿਮ ਉੱਠ ਕੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੌਲ਼ ਬੈਠ ਗਿਆ, ਉਸ ਦੀਆਂ ਅੱਖਾਂ ਚੋਂ **ਹੰਝੂ** ਜਾਰੀ ਸਨ। ਉਸਨੇ ਅਰਜ਼ ਕੀਤਾ ਕਿ ਜਿਹੜੀ ਗੱਲ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਤੱਕ ਪਹੁੰਚੀ ਹੈ ਮੈਂ ਉਸ ਤੋਂ ਅੱਲਾਹ ਦੇ ਹਜ਼ੂਰ **ਤੌਬਾ** ਕਰਦਾ ਹਾਂ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਵੀ ਮੇਰੇ ਲਈ **ਬਖ਼ਸ਼ਿਸ਼** ਦੀ ਦੁਆ ਕਰੋ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਪੁੱਛਿਆ ਕਿ ਤੇਰਾ ਨਾਮ ਕੀ ਹੈ? ਉਸਨੇ ਕਿਹਾ ਕਿ ਮੁਹੱਲਿਮ ਬਿਨ ਜਸਾਮਾ, ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਕੀ ਤੂੰ ਸ਼ੁਰੂ ਇਸਲਾਮ ਵਿੱਚ ਉਸਨੂੰ **ਕ਼ਤਲ** ਕਰ ਦਿੱਤਾ? ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਬੁਲੰਦ ਆਵਾਜ਼ ਨਾਲ਼ ਕਿਹਾ ਕਿ ਐ ਅੱਲਾਹ! ਮੁਹੱਲਿਮ ਨੂੰ ਨਾ **ਬਖ਼ਸ਼ਣਾ**, ਇਹ ਗੱਲ ਸਭ ਨੇ ਸੁਣੀ। ਉਸਨੇ ਦੁਬਾਰਾ ਕਿਹਾ ਕਿ ਯਾ ਰਸੂਲੁੱਲਾਹ! ਮੈਂ **ਮੁਆਫ਼ੀ** ਮੰਗਦਾ ਹਾਂ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਵੀ ਮੇਰੇ ਲਈ ਮੁਆਫ਼ੀ **ਤਲਬ** ਕਰੋ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫਿਰ ਬੁਲੰਦ ਆਵਾਜ਼ ਨਾਲ਼ ਕਿਹਾ ਤਾਂ ਜੋ ਲੋਕ ਸੁਣ ਲੈਣ ਕਿ ਐ ਅੱਲਾਹ! ਮੁਹੱਲਿਮ ਬਿਨ ਜਸਾਮਾ ਨੂੰ ਮੁਆਫ਼ ਨਾ ਕਰਨਾ। ਉਸਨੇ ਤੀਸਰੀ ਵਾਰ ਫਿਰ ਕਿਹਾ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਤੀਸਰੀ ਵਾਰ ਫਿਰ ਉਹੀ ਕਿਹਾ। ਫਿਰ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸਨੂੰ ਫ਼ਰਮਾਇਆ ਕਿ ਮੇਰੇ **ਸਾਹਮਣਿਓਂ** ਉੱਠ ਕੇ ਚਲਾ ਜਾ। ਇਬਨਿ ਇਸਹਾਕ਼ ਦੀ ਵੀ ਇੱਕ

ਰਿਵਾਇਤ ਹੈ ਕਿ ਉਸ ਦੀ ਕ਼ੌਮ ਦੇ ਲੋਕ ਬਿਆਨ ਕਰਦੇ ਹਨ ਕਿ ਬਾਅਦ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਦੀ **ਬਖ਼ਸ਼ਿਸ਼** ਦੀ ਦੁਆ ਵੀ ਕੀਤੀ ਸੀ।

ਸਿਰਿੱਯਾ ਔਤਾਸ ਦੀ ਤਫ਼ਸੀਲ ਇੰਝ ਹੈ ਕਿ ਬਨੂ ਹਵਾਜ਼ਨ ਕਿਉਂਕਿ ਆਪਣੇ ਬੀਵੀ ਬੱਚੇ ਅਤੇ ਮਾਲ ਡੰਗਰ ਨਾਲ਼ ਲੈ ਕੇ ਹਮਲਾਵਰ ਹੋਏ ਸਨ ਅਤੇ ਆਪ ਤਾਂ ਭੱਜ ਗਏ ਪਰ ਹੁਣ ਇਹ ਸਭ ਕੁੱਝ **ਮਾਲਿ ਗ਼ਨੀਮਤ** ਦੇ ਤੌਰ 'ਤੇ ਮੁਸਲਮਾਨਾਂ ਦੇ ਹੱਥ ਆ ਗਿਆ ਸੀ। ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਅਬੂ ਆਮਿਰ ਅਸ਼ਅਰੀ ਰਜ਼ਿ ਅੱਲਾਹੁ ਅਨਹੁ ਦੀ ਅਗਵਾਈ ਵਿੱਚ ਇੱਕ ਫ਼ੌਜ ਉਨ੍ਹਾਂ ਦਾ ਪਿੱਛਾ ਕਰਨ ਲਈ **ਔਤਾਸ** ਵੱਲ ਰਵਾਨਾ ਕੀਤੀ। ਇਸ ਲਸ਼ਕਰ ਵਿੱਚ ਹਜ਼ਰਤ ਅਬੂ ਮੂਸਾ ਅਸ਼ਅਰੀ ਰਜ਼ਿ ਅੱਲਾਹੁ ਅਨਹੁ ਅਤੇ ਹਜ਼ਰਤ ਸਲਮਾ ਬਿਨ ਅਕਵਅ ਰਜ਼ਿ ਅੱਲਾਹੁ ਅਨਹੁ ਵੀ ਸਨ। ਹਜ਼ਰਤ ਅਬੂ ਆਮਿਰ ਰਜ਼ਿ ਅੱਲਾਹੁ ਅਨਹੁ ਨੇ ਦੁਸ਼ਮਣ ਨੂੰ ਲੜਨ ਦੀ **ਦਾਅਵਤ** ਦਿੱਤੀ। ਉੱਥੇ ਦੁਸ਼ਮਣਾਂ ਦੇ 10 ਭਾਈ ਸਨ ਜਿਹੜੇ ਬੇਮਿਸਾਲ ਜੰਗੀ **ਸਲਾਹੀਅਤਾਂ** ਦੇ ਕਾਰਨ ਸ਼ੋਹਰਤ ਰੱਖਦੇ ਸਨ। ਇਹ 10 ਭਾਈ ਜੰਗ ਦੇ ਲਈ ਨਿਕਲੇ। ਹਜ਼ਰਤ ਅਬੂ ਆਮਿਰ ਰਜ਼ਿ ਅੱਲਾਹੁ ਅਨਹੁ ਨੇ ਉਨ੍ਹਾਂ ਵਿੱਚੋਂ ਹਰ ਇੱਕ ਨੂੰ ਪਹਿਲਾਂ ਇਸਲਾਮ ਦੀ **ਦਾਅਵਤ** ਦਿੱਤੀ ਪਰ ਉਨ੍ਹਾਂ ਨੇ ਮੁਕ਼ਾਬਲੇ ਨੂੰ **ਤਰਜੀਹ** ਦਿੱਤੀ, ਅਤੇ ਉਹ ਮਾਰੇ ਗਏ। ਇੰਝ ਇੱਕ ਦੇ ਬਾਅਦ ਇੱਕ ਨੌਂ ਭਾਈ ਮਾਰੇ ਗਏ। ਦਸਵਾਂ ਭਾਈ ਜਿਹੜਾ ਸੀ ਬਾਅਦ ਵਿੱਚ ਇਸਲਾਮ ਲੈ ਆਇਆ ਅਤੇ ਕਿਹਾ ਜਾਂਦਾ ਹੈ ਕਿ ਬਹੁਤ ਚੰਗਾ ਮੁਸਲਮਾਨ ਸਾਬਿਤ ਹੋਇਆ। ਬ-ਹਰ ਹਾਲ ਹਜ਼ਰਤ ਅਬੂ ਆਮਿਰ ਰਜ਼ਿ ਅੱਲਾਹੁ ਅਨਹੁ ਇਸੇ ਤਰ੍ਹਾਂ **ਬੇ ਜਿਗਰੀ** ਨਾਲ਼ ਲੜਦੇ ਰਹੇ ਅਤੇ ਇਸ ਦੌਰਾਨ ਇੱਕ ਤੀਰ ਉਨ੍ਹਾਂ ਦੇ ਸੀਨੇ ਵਿੱਚ ਲੱਗਿਆ ਅਤੇ ਇੱਕ ਗੋਡੇ ਵਿੱਚ ਲੱਗਿਆ, ਜ਼ਖ਼ਮ ਗਹਿਰਾ ਹੋਣ ਦੀ ਵਜ੍ਹਾ ਨਾਲ਼ ਆਪ **ਜਾਂਬਰ** ਨਾ ਹੋ ਸਕੇ। ਹਜ਼ਰਤ ਅਬੂ ਮੂਸਾ ਅਸ਼ਅਰੀ ਰਜ਼ਿ ਅੱਲਾਹੁ ਅਨਹੁ ਨੇ ਉਨ੍ਹਾਂ ਲੋਕਾਂ ਨਾਲ਼ ਜੰਗ ਕੀਤੀ ਅਤੇ ਦੁਸ਼ਮਣ ਹਾਰ ਕੇ ਉਥੋਂ ਭੱਜ ਗਿਆ।

ਫਿਰ ਸਿਰਿੱਯਾ ਤੁਫ਼ੈਲ ਬਿਨ ਅਮ੍ਰ ਦੌਸੀ ਦਾ ਜ਼ਿਕਰ ਹੈ। ਇਹ ਸ਼ਵਾਲ ਅੱਠ ਹਿਜਰੀ ਵਿੱਚ ਹੋਇਆ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਜਦ ਹੁਨੈਨ ਤੋਂ ਤਾਇਫ਼ ਵੱਲ ਚੱਲਣ ਲੱਗੇ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਤੁਫ਼ੈਲ ਦੌਸੀ ਰਜ਼ਿ ਅੱਲਾਹੁ ਅਨਹੁ ਨੂੰ **ਜ਼ੁਲਕਫ਼ੀਨ** ਨਾਮੀ ਬੁੱਤ ਢਾਉਣ ਲਈ ਭੇਜਿਆ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਨੂੰ ਨਸੀਹਤ ਕੀਤੀ ਕਿ ਇਸਲਾਮ ਖ਼ੂਬ ਫੈਲਾਉਣਾ ਯਾਨੀ **ਸਲਾਮਤੀ** ਨੂੰ ਰਿਵਾਜ ਦੇਣਾ, ਲੋਕਾਂ ਨੂੰ **ਖਾਣਾ** ਖਵਾਉਣਾ, ਅੱਲਾਹ ਤਆਲਾ ਤੋਂ ਇਸੇ ਤਰ੍ਹਾਂ **ਹਯਾ** ਕਰਨਾ ਜਿਸ ਤਰ੍ਹਾਂ ਇੱਕ ਬਾਵਕ਼ਾਰ ਆਦਮੀ ਆਪਣੇ ਘਰ ਵਾਲਿਆਂ ਤੋਂ ਸ਼ਰਮਾਉਂਦਾ ਹੈ, ਜਦ ਵੀ ਕੋਈ ਗ਼ਲਤੀ ਜਾਂ ਗੁਨਾਹ ਹੋ ਜਾਵੇ ਉਸਦੇ ਫ਼ੌਰਨ ਬਾਅਦ ਨੇਕੀ ਕਰ ਲਿਆ ਕਰਨਾ ਕਿਉਂਕਿ ਨੇਕੀਆਂ ਗੁਨਾਹਾਂ ਨੂੰ ਮਿਟਾ ਦਿੰਦੀਆਂ ਹਨ। ਅਤੇ ਫਿਰ ਫ਼ਰਮਾਇਆ ਕਿ ਆਪਣੀ ਕ਼ੌਮ ਦੇ ਲੋਕਾਂ ਨੂੰ ਨਾਲ਼ ਲੈਣਾ ਅਤੇ ਇਹ ਕੰਮ ਮੁਕੰਮਲ ਕਰਕੇ ਵਾਪਿਸ ਤਾਇਫ਼ ਚਲੇ ਆਉਣਾ। ਚੁਨਾਂਚਿ ਆਪ ਰਜ਼ਿ ਅੱਲਾਹੁ ਅਨਹੁ ਨੇ ਆਪਣੀ ਕ਼ੌਮ ਦੇ 400 ਲੋਕਾਂ ਨੂੰ ਨਾਲ਼ ਲਿਆ ਅਤੇ ਲੱਕੜੀ ਦੇ ਬਣੇ ਹੋਏ ਉਸ **ਬੁੱਤ** ਨੂੰ ਅੱਗ ਲਾ ਕੇ ਸਾੜ ਦਿੱਤਾ।

ਗ਼ਜ਼ਵਾ ਤਾਇਫ਼, ਇਹ ਵੀ ਸ਼ਵਾਲਾ ਅੱਠ ਹਿਜਰੀ ਵਿੱਚ ਹੋਇਆ। ਤਾਇਫ਼ ਨਿਹਾਇਤ **ਮਜ਼ਬੂਤ** ਮੁਕ਼ਾਮ ਸੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਖ਼ਾਲਿਦ ਬਿਨ ਵਲੀਦ ਦੀ ਅਗਵਾਈ ਵਿੱਚ 1000 ਫ਼ੌਜ ਦਾ ਹਰ ਅੱਵਲ ਦਸਤਾ ਰਵਾਨਾ ਕੀਤਾ। ਉਨ੍ਹਾਂ ਨੇ ਉੱਥੇ ਪਹੁੰਚ ਕੇ ਤਾਇਫ਼ ਵਾਲਿਆਂ ਨਾਲ਼ **ਬਹਿਸ ਮੁਬਾਹਿਸੇ** ਦੀ ਕੋਸ਼ਿਸ਼ ਕੀਤੀ ਪਰ ਉਹ ਰਾਜ਼ੀ ਨਾ ਹੋਏ। ਉਸਦੇ ਬਾਅਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪ ਵੀ ਤਾਇਫ਼ ਦਾ ਰੁਖ਼ ਕੀਤਾ। ਨਬੀ ਅਕਰਮ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸ਼ੁਰੂ ਵਿੱਚ ਤਾਇਫ਼ ਦੇ ਬਹੁਤ ਕ਼ਰੀਬ ਇੱਕ ਖੁੱਲ੍ਹੀ ਜਗ੍ਹਾ 'ਤੇ **ਪੜਾਅ** ਕੀਤਾ। ਹਾਲੇ ਫ਼ੌਜ ਨੇ ਪੂਰੀ ਤਰ੍ਹਾਂ ਕ਼ਿਆਮ ਵੀ ਨਹੀਂ ਕੀਤਾ ਸੀ ਕਿ ਕ਼ਿਲ੍ਹੇ ਤੋਂ ਤੀਰ ਅੰਦਾਜ਼ਾ ਨੇ ਸਖ਼ਤ ਤੀਰ ਅੰਦਾਜ਼ੀ ਕਰ ਕੇ ਬਹੁਤ ਸਾਰੇ ਮੁਸਲਮਾਨਾਂ ਨੂੰ **ਜ਼ਖ਼ਮੀ** ਕਰ ਦਿੱਤਾ। ਘੇਰੇ ਦੇ ਦੌਰਾਨ ਦੋਹਾਂ ਪਾਸਿਆਂ ਤੋਂ ਤੀਰ ਅੰਦਾਜ਼ੀ ਅਤੇ ਪਥਰਾਅ ਦੇ ਵਾਕ਼ਿਆਤ ਵੀ ਪੇਸ਼ ਆਉਂਦੇ ਰਹੇ। ਇਸ ਸੂਰਤਿ ਹਾਲ ਨਾਲ਼ ਨਿਪਟਣ ਦੇ ਲਈ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ **ਗੁਲੇਲ** ਲਾ ਕੇ ਤਾਇਫ਼ ਦੇ ਵਸਨੀਕਾਂ 'ਤੇ ਵੱਡੇ ਵੱਡੇ ਪੱਥਰ ਸੁੱਟੇ। ਇਸੇ ਦੌਰਾਨ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇੱਕ ਵਾਰ ਤਾਇਫ਼ ਵਾਲਿਆਂ ਦੇ **ਅੰਗੂਰਾਂ** ਦੇ ਬਾਗ਼ ਕੱਟਣ ਦਾ ਵੀ ਹੁਕਮ ਦਿੱਤਾ, ਮੇਰਾ ਖ਼ਿਆਲ ਹੈ ਕਿ ਇਹ ਆਖ਼ਰੀ ਹਰਬਾ ਸੀ, ਜਿਹੜਾ ਡਰਾਉਣ ਦੇ ਲਈ ਆਮ ਤੌਰ 'ਤੇ ਇਸਤੇਮਾਲ ਕੀਤਾ ਹੋਵੇਗਾ।

ਕਿਉਂਕਿ ਬਾਅਦ ਵਿੱਚ **ਮਨਸੂਖ਼** ਵੀ ਕਰ ਦਿੱਤਾ ਸੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਅਤੇ ਸਹਾਬਾ ਅੱਧਾ ਮਹੀਨਾ ਜਾਂ ਉਸ ਤੋਂ ਵੀ ਜ਼ਿਆਦਾ ਅਰਸਾ ਤੱਕ ਤਾਇਫ਼ ਦੇ ਵਸਨੀਕਾਂ ਨਾਲ਼ ਜੰਗ ਵਿੱਚ **ਮਸਰੂਫ਼** ਰਹੇ ਪਰ ਹੁਨੈਨ ਦੀ ਹਾਰ ਦਾ ਅਜਿਹਾ **ਖ਼ੌਫ਼** ਅਤੇ **ਰੋਅਬ** ਉਨ੍ਹਾਂ ਦੇ ਦਿਲਾਂ 'ਤੇ ਤਾਰੀ ਹੋ ਚੁੱਕਿਆ ਸੀ ਕਿ ਉਹ ਕ਼ਿਲ੍ਹੇ ਦੇ ਅੰਦਰੋਂ ਹੀ ਲੜਦੇ ਰਹੇ ਅਤੇ ਬਾਹਰ ਨਹੀਂ ਨਿਕਲੇ।

ਆਖ਼ਿਰ 'ਤੇ ਹਜ਼ੂਰ ਅਨਵਰ ਨੇ ਦੋ ਮਰਹੂਮਾਂ, ਮੁਕੱਰਮ ਡਾਕਟਰ ਸੱਯਦ ਸ਼ਹਾਬ ਅਹਮਦ ਸਾਹਿਬ (ਜਿਹੜੇ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦੇ ਸਹਾਬੀ ਹਜ਼ਰਤ ਸੱਯਦ ਇਰਾਦਤ ਹੁਸੈਨ ਸਾਹਿਬ ਰਜ਼ਿ ਅੱਲਾਹੁ ਅਨਹੁ, ਸੂਬਾ ਬਿਹਾਰ ਦੇ ਨਵਾਸੇ ਸਨ) ਅਤੇ ਮੁਕੱਰਮ ਮੁਬਾਰਕ ਖੋਖਰ ਸਾਹਿਬ ਲਾਹੌਰ ਦੇ ਚੰਗੇ ਗੁਣ ਬਿਆਨ ਫ਼ਰਮਾਏ ਅਤੇ **ਨਮਾਜ਼ਿ ਜਨਾਜ਼ਾ ਗ਼ਾਇਬ** ਪੜ੍ਹਾਉਣ ਦਾ ਐਲਾਨ ਫ਼ਰਮਾਇਆ ਅਤੇ ਦੋਹਾਂ ਦੇ ਲਈ ਦੁਆਇ ਮਗ਼ਫ਼ਿਰਤ ਕੀਤੀ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞